
# ਲੋਕ ਰਾਂਗਲਾ - ਪਿੱਪਲ



ਮਨਮੋਹਨ ਸਿੰਘ ਦਾਊਂ

# ਲੋਕ ਰਾਂਗਲਾ—ਪਿੱਪਲ

(ਸਭਿਆਚਾਰਕ ਬਾਲ ਕਾਵਿ - ਰਚਨਾ)

ਮਨਮੋਹਨ ਸਿੰਘ ਦਾਊਂ

ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ

# LOK RANGLA PIPAL

**(Poetic Cultural Picture)**

By : Manmohan Singh Daon
# 280, Phase 6
S.A.S. Nagar-Mohali (Pb.) 160055
Tel: 0172-5091900
Mob: 98151-23900

© Author

Edition : 2009

ISBN : 978-81-7914-256-1

**Published by :**
Tarlochan Publishers
3236, Sector 15-D, Chandigarh
Tel. : 0172-4613236 (M) 98786 03236
E-mail : tarlochanpublishers@yahoo.co.in

---

ਲੋਕ ਰਾਂਗਲਾ—ਪਿੱਪਲ (ਬਾਲ ਕਾਵਿ-ਰਚਨਾ)

ਲੇਖਕ : ਮਨਮੋਹਨ ਸਿੰਘ ਦਾਊਂ
ਚਿੱਤਰਕਾਰ : ਗੁਰਦੀਪ ਸਿੰਘ ਦੀਪ
ਪ੍ਰਕਾਸ਼ਕ : ਤਰਲੋਚਨ ਪਬਲਿਸ਼ਰਜ਼, ਚੰਡੀਗੜ੍ਹ
ਛਾਪਕ : ਮੋਨਾ ਐਂਟਰਪ੍ਰਾਈਜਸ, ਦਿੱਲੀ
ਮੁੱਲ : 40 ਰੁਪਏ

# ਸਮਰਪਣ

ਪਿੱਪਲ ਗਾਵੇ, ਬੋਹੜ ਗਾਵੇ
ਗਾਵੇ, ਹਰਿਆਲਾ ਤੂਤ,
ਖੜ ਕੇ ਸੁਣ ਰਾਹੀਆ
ਤੇਰੀ ਰੂਹ ਹੋ ਜੂਗੀ ਸੂਤ।

(ਲੋਕ-ਗੀਤ)

## ਲੋਕ ਵਿਸ਼ਵਾਸ

ਪਿੱਪਲਾ ਵੇ ਹਰਿਔਲਿਆ
ਤੇਰੀ ਪੂਜਾਂ ਮੁੱਢ,
ਤੈਨੂੰ ਪੂਜ ਕੇ ਪਿੱਪਲਾ
ਮੈਂ ਕਦੀ ਨਾ ਪਾਵਾਂ ਦੁੱਖ।

(ਲੋਕ -ਗੀਤ )

# ਮੁੱਖਬੰਦ ਵੱਜੋਂ

## ਰੁੱਖਾਂ ਦੀ ਵਫ਼ਾਦਾਰੀ

ਰੁੱਖਾਂ ਦੀ ਵੀ ਅੱਖ ਹੁੰਦੀ ਹੈ,
ਰੁੱਖਾਂ ਦੀ ਵੀ ਪੱਤ ਹੁੰਦੀ ਹੈ।
ਰੁੱਖਾਂ ਦੇ ਸੀਨੇ ਵਿੱਚ
ਦਰਦ ਸੁਣਨ ਲਈ
ਦਿਲ ਹੁੰਦਾ ਹੈ।

ਰੁੱਖਾਂ ਦੀ ਜੜ੍ਹ ਵਿੱਚ
ਮਿੱਟੀ ਲਈ ਵਫ਼ਾ ਹੁੰਦੀ ਹੈ।
ਰੁੱਖਾਂ ਦੇ ਵੀ ਕੰਨ ਹੁੰਦੇ ਹਨ
ਪੌਣਾਂ ਵਿੱਚੋਂ ਜੋ ਬੋਲਾਂ ਨੂੰ ਸੁਣ ਲੈਂਦੇ ਨੇ।

ਰੁੱਖਾਂ ਦੇ ਤਾਂ ਹੱਥ ਹੁੰਦੇ ਨੇ
ਜੋ ਲੋੜਵੰਦਾਂ ਲਈ ਵੱਥ ਹੁੰਦੇ ਨੇ।
ਰੁੱਖਾਂ ਦੀਆਂ ਸਬਜ਼ ਭੁਜਾਵਾਂ
ਛਤਰੀ ਵਾਂਗੂ ਛਾਂ ਦਿੰਦੀਆਂ ਨੇ,
ਛਾਂਵਾਂ ਤਾਂ ਮਾਂਵਾਂ ਹੁੰਦੀਆਂ ਨੇ
ਪਗਡੰਡੀਆਂ ਤੇ ਰਾਹਾਂ ਨੂੰ ਜੋ
ਥਾਂ ਦਿੰਦੀਆਂ ਨੇ—
ਰਾਹੀਆਂ ਨੂੰ ਉਤਸ਼ਾਹ ਦਿੰਦੀਆਂ ਨੇ।

ਰੁੱਖ ਵੀ ਯਾਰੋ ਹਾਸਾ ਹੱਸਦੇ
ਫੁੱਲਾਂ ਦਾ ਜਦ ਵੇਸ ਪਹਿਨਦੇ।
ਰੁੱਖ ਵੀ ਰੋਂਦੇ ਜਦ ਕੋਈ ਕਾਰਾ ਹੁੰਦਾ
ਜਾਂ ਧਰਤੀ 'ਤੇ ਕੋਈ ਕਹਿਰ ਵਰਤਦਾ।

ਰੁੱਖਾਂ ਵਿੱਚ ਸੰਗੀਤ ਹੁੰਦਾ ਹੈ
ਸਾਜ਼ਾਂ ਦਾ ਜੋ ਗੀਤ ਹੁੰਦਾ ਹੈ
ਪਾ ਖੜਾਵਾਂ ਤੁਰ ਜਾਂਦਾ ਜੋ
ਹੱਦਾਂ ਤੇ ਸਰਹੱਦਾਂ ਗੱਛਦਾ
ਆਲਮ ਦੇ ਲਈ ਬਾਣੀ ਗਾਉਂਦਾ।

ਰੁੱਖਾਂ ਦੀ ਕੁੱਖ ਕਦੇ ਨਾ ਖਾਲੀ ਹੁੰਦੀ
ਚੁੱਪ -ਚੁਪੀਤੇ ਰੁੱਤਾਂ ਨੂੰ ਹਰਿਆਲੀ ਦੇਂਦੀ,
ਰੁੱਖ ਤਾਂ ਮਿੱਤਰੋ ਪੌਣਾਂ ਨਿਰਮਲ ਕਰਦੇ
ਬੁੱਧ-ਵਿਵੇਕ ਰਿਸ਼ੀਆਂ ਦੇ ਵਾਂਗੂ।

ਰੁੱਖਾਂ ਦੀ ਵੀ ਕਾਇਆ ਹੁੰਦੀ,
ਦੁੱਖ-ਸੁੱਖ ਜਰਦੀ ਰੁਦਨ ਨਾ ਕਰਦੀ,
ਰੁੱਖ ਵੀ ਸਾਹ ਲੈਂਦੇ ਨੇ
ਗੱਲਾਂ ਕਰਦੇ, ਗੱਲਾਂ ਸੁਣਦੇ,
ਜੀਵਾਂ ਖਾਤਰ ਸਵਾਸ ਵੰਡਦੇ।

ਰੁੱਖਾਂ ਸੰਗ ਦੋਸਤੀ ਪਾਈਏ
ਮੁਹੱਬਤਨਾਮਾ ਅਹਿਦ ਕਰਾਈਏ
ਰੁੱਖ ਤਾਂ ਮਿੱਤਰੋ ਜਨਮ-ਮਰਨ ਤੱਕ
ਸਾਥ ਨਿਭਾਉਂਦੇ, ਸੜ ਜਾਂਦੇ ਨੇ
ਸਾਡੇ ਖਾਤਰ ਮੁੜ ਜੰਮਣ ਲਈ
ਸਾਹ ਦੇਵਣ ਲਈ!!

-ਮਨਮੋਹਨ ਸਿੰਘ ਦਾਊਂ



black21-P1

## ਲੋਕ ਰਾਂਗਲਾ—ਪਿੱਪਲ

ਸਦੀਆਂ ਲੰਮੀ ਉਮਰਾਂ ਵਾਲਾ
ਦੱਸਿਓ ਵੇ ਲੋਕੋ
ਕਿੱਥੇ ਗਿਆ
ਮੇਰੇ ਪਿੰਡ ਦਾ ਪਿੱਪਲ,
ਪਿੰਡ ਪਛਾਣ ਦਾ
ਚਿੰਨ੍ਹ ਸੀ ਜਿਹੜਾ।

ਘਣ ਛਾਂਵਾਂ ਸੀ ਟਾਹਣਾ ਵਾਲਾ
ਸਾਵੇ ਸਾਵੇ ਪੱਤਰਾਂ ਵਾਲਾ
ਜਿਸ ਦੇ ਥੱਲੇ
ਪਿੰਡ ਸੱਥ ਦੀ
ਰੌਣਕ ਸੀ ਜੁੜਦੀ।

ਛਾਂਵਾਂ ਨੂੰ ਗਲਵਕੜੀ ਪਾਉਂਦਾ
ਰਿਸ਼ੀਆਂ ਵਰਗੀ
ਹੋਂਦ ਜਤਾਉਂਦਾ,
ਬੋਧੀ ਜਿਉਂ ਕੋਈ
ਭਗਤੀ ਕਰਦਾ,
ਪਿੱਪਲ ਪਿਆਰਾ
ਪਿਆਰਾ ਲੱਗਦਾ।



ਮਹਿਫ਼ਲਾਂ ਦਾ ਵਣਜਾਰਾ ਪਿੱਪਲ
ਪਿੰਡ ਦੀ ਰੂਹ
ਤ੍ਰਿਪਤਾਉਂਦਾ ਰਹਿੰਦਾ
ਬ੍ਰਹਮਾ ਦੀ ਸੀ ਪਦਵੀ ਪਾਉਂਦਾ।

ਲੋਕੀਂ ਨਿੱਤ
ਸਵੇਰੇ ਉੱਠ ਕੇ
ਸੁੱਚਾ ਜਲ
ਅਰਪਿੱਤ ਕਰ ਕੇ
ਨਗਰ-ਖੇੜੇ ਦੀ
ਸੁੱਖ ਮਨਾਉਂਦੇ।

ਵਰਖਾ ਹੁੰਦੀ
ਤਾਂ ਪਿੱਪਲ-ਪੱਤੇ
ਹੱਸਣ ਲੱਗਦੇ।
ਛਿੱਟਮ-ਛਿੱਟੀ
ਖੇਡ ਰਚਾਉਂਦੇ
ਖ਼ੁਸ਼ੀ ਮਨਾਉਂਦੇ।



ਰੁਣ-ਝੁਣ ਹੁੰਦੀ
ਟਹਿਣੀਆਂ ਉੱਤੇ
ਜੋਬਨ ਆਉਂਦਾ।
ਲੰਮ -ਸਲੰਮੇ ਟਾਹਣਾਂ ਨੂੰ
ਸਰੂਰ ਚੜ੍ਹ ਜਾਂਦਾ।


ਭਿੱਜਿਆ ਭਿੱਜਿਆ ਪਿੱਪਲ
ਝੂਮਦਾ ਹੋਇਆ
ਮੇਘ ਜਿਹਾ ਬਣ ਜਾਂਦਾ
ਤੇ ਮੁਸਕਾਉਂਦਾ।

ਗਾੜ੍ਹ, ਔੜ ਜਾਂ ਸੋਕਾ
ਜਦ ਲੱਗਦਾ
ਆਪਣੀਆਂ ਡੂੰਘੀਆਂ ਜੜ੍ਹਾਂ ਸਹਾਰੇ
ਹੱਸਦਾ ਤੇ ਮੁਸਕਾਉਂਦਾ ਰਹਿੰਦਾ।
ਚੜ੍ਹਦੀ ਕਲਾ
ਅਡੋਲ ਰਹਿਣ ਦਾ
ਸਬਕ ਸਿਖਾਉਂਦਾ।



ਸਾਉਣ ਮਹੀਨੇ—
ਪੀਂਘਾਂ ਪਾ ਮੁਟਿਆਰਾਂ -ਨੱਢੀਆਂ
ਹੁਸਨ ਇਸ਼ਕ ਦੇ
ਗੀਤ ਗਾਉਂਦੀਆਂ
ਜੋਬਨ ਮੱਤੀਆਂ
ਡੁੱਲ੍ਹ-ਡੁੱਲ੍ਹ ਹੱਸਦੀਆਂ,
ਖੇੜਾ, ਰੂਪ ਦੀਆਂ
ਲੱਪਾਂ ਵੰਡਦੀਆਂ,
ਬੋਲਾਂ ਰਾਹੀਂ
ਪ੍ਰੀਤ-ਸੁਨੇਹੜੇ ਦੇਂਦੀਆਂ
ਪੱਤਰਾਂ ਉੱਤੇ
ਚਿੱਠੀਆਂ ਲਿਖਦੀਆਂ।


ਬਾਬਲ ਘਰ ਦੀ
ਸੁੱਖ ਮੰਗਦੀਆਂ,
ਅੰਮੜੀ ਦੀਆਂ
ਅਸੀਸਾਂ ਲੈਂਦੀਆਂ
ਵੀਰੇ ਹੱਥੀਂ ਰੱਖੜੀ ਬੰਨ੍ਹਦੀਆਂ।



ਗੀਤਾਂ ਵਰਗੀਆਂ
ਲਗਰਾਂ ਵਰਗੀਆਂ ਕੁੜੀਆਂ
ਪੀਂਘ ਚੜ੍ਹਾਉਂਦੀਆਂ
ਅੰਬਰੀਂ ਹੱਥ ਲਾਉਂਦੀਆਂ
ਕਦੇ ਨਾ ਥੱਕਦੀਆਂ
ਕਦੇ ਨਾ ਅੱਕਦੀਆਂ।

ਪਿੱਪਲ ਨੂੰ
ਗਲਵਕੜੀ ਪਾਉਂਦੀਆਂ
ਇੱਕ ਦੂਜੀ ਨੂੰ
ਚੁੰਮ-ਚੁੰਮ ਨੱਸਦੀਆਂ
ਇੱਕ ਦੂਜੀ ਨੂੰ
ਕੁਝ-ਕੁਝ ਦੱਸਦੀਆਂ।

ਪਿੱਪਲ ਤੱਕ-ਤੱਕ ਅੱਖੀਂ
ਸੁਣ-ਸੁਣ ਕੰਨੀਂ
ਗਦ-ਗਦ ਹੁੰਦਾ
ਉੱਚੇ ਤੋਂ ਉੱਚਾ ਹੋ ਜਾਂਦਾ।




ਜੇਠ ਮਹੀਨੇ
ਗਰਮੀ ਰੁੱਤੇ
ਤਿੱਖੜ ਦੁਪਹਿਰੇ
ਪਿੰਡ ਦੇ ਲੋਕੀਂ
ਸਭ ਵਰਨਾਂ ਦੇ ਸਾਂਝੇ
ਮਨ-ਮਸਤੀ
ਮਨੋਰੰਜਨ ਦੇ ਲਈ
ਮੰਜੇ ਡਾਹ ਕੇ
ਪਿੱਪਲ ਥੱਲੇ
ਜੁੜ-ਜੁੜ ਬਹਿੰਦੇ।

ਮਾਰ ਠਹਾਕੇ ਹੱਸਦੇ
ਦੁੱਖ-ਸੁੱਖ ਸਾਂਝਾ ਕਰਦੇ
ਸਿਆਣੇ-ਨਿਆਣੇ
ਬੁੱਢ-ਵਰੇਸੇ ਗੱਲਾਂ ਕਰਦੇ
ਪੜ੍ਹ ਅਖ਼ਬਾਰ
ਇੱਕ ਦੂਜੇ ਨੂੰ
ਖ਼ਬਰਾਂ ਦੱਸਦੇ।



ਪਿੱਪਲ ਬੁੱਢਾ
ਸਭ ਕੁਝ ਸੁਣਦਾ ਰਹਿੰਦਾ
ਦਰਵੇਸੀ ਦਾ
ਪਹਿਨ ਕੇ ਓਡਣ
ਸਭ ਨੂੰ—
ਠੰਢੜੀ ਛਾਂਵਾਂ ਦੇਂਦਾ
ਐਪਰ ਕਿਸੇ ਤੋਂ
ਕੁਝ ਨਾ ਲੈਂਦਾ।

ਪਿੰਡ ਵਿੱਚ ਕੋਈ
ਜਦ ਸੋਗ ਵਰਤਦਾ
ਪਿੱਪਲ ਥੱਲੇ
ਸੱਥਰ ਵਿੱਛਦਾ
ਲੋਕੀਂ ਗ਼ਮ ਵਿੱਚ
ਡੁੱਬੇ ਹੁੰਦੇ
ਪਿੱਪਲ ਚੁੱਪ-ਚੁਪੀਤਾ
ਹਟਕੋਰੇ ਭਰਦਾ
ਵਿਛੜ ਗਏ ਦਾ
ਸੋਗ ਮਨਾਉਂਦਾ।



ਪਿੱਪਲ ਦੇ ਟਹਿਣੇ ਸੰਗ
ਜਦ ਕੁੰਭ ਲਟਕਦਾ
ਤ੍ਰਿਪ-ਤ੍ਰਿਪ ਥੱਲੇ
ਪਾਣੀ ਡਿੱਗਦਾ
ਇਉਂ ਲੱਗਦਾ
ਜਿਉਂ ਪਿੱਪਲ ਰੋਂਦਾ
ਮੋਈ ਰੂਹ ਨੂੰ
ਚੁੱਪ ਕਰਾਉਂਦਾ
ਸਬਰ-ਸੰਤੋਖ ਦੀ
ਗੱਲ ਸਮਝਾਉਂਦਾ
ਸੁੱਕੇ ਪੱਤਰ ਝੜਨੇ
ਨਵੇਂ ਨੇ ਆਉਣੇ
ਜੀਵਨ ਤੁਰਦੇ ਰਹਿਣ ਦੀ
ਗਾਥਾ ਗਾਉਂਦਾ।


ਕੁਝ ਦਿਨਾਂ ਪਿੱਛੋਂ
ਸਭ ਭੁੱਲ ਜਾਂਦਾ,
ਪਹਿਲਾਂ ਵਰਗਾ
ਹੀ ਹੋ ਜਾਂਦਾ।



ਲੋਕ-ਅਖਾੜੇ
ਪਿੱਪਲ ਥੱਲੇ ਜੁੜਦੇ ਰਹਿੰਦੇ
ਸਾਜ਼ ਟੁਣਕਦੇ
ਗੀਤਾਂ ਦੇ ਦਰਿਆ ਪਏ ਵਹਿੰਦੇ।
ਵਾਰਾਂ, ਸੱਦਾਂ, ਕਲੀਆਂ
ਹੀਰ ਤੇ ਮਿਰਜ਼ਾ ਗਾਏ ਜਾਂਦੇ
ਬੋਲੀਆਂ ਪਾ -ਪਾ
ਗਾਇਕ ਪਿਆਰੇ
ਹੇਕਾਂ ਲਾਉਂਦੇ।

ਢੱਡ, ਸਾਰੰਗੀ, ਤੂੰਬਾ
ਚਿਮਟਾ, ਢੋਲਕ
ਸੁਣ ਅਲਗੋਜ਼ੇ
ਪੱਤਰ ਵਿੱਚ ਨਸ਼ੇ ਦੇ
ਖੜਤਾਲਾਂ ਬਣ ਜਾਂਦੇ।

ਟਹਿਣੀਆਂ ਬਾਹਾਂ ਬਣ ਕੇ
ਨ੍ਰਿਤ-ਕਲਾ ਦੀ ਮੁਦਰਾ ਵਾਂਗੂ
ਪਾਠ ਪੜ੍ਹਾਉਂਦੀਆਂ।



black21a-P1

ਭੋਲੀਆਂ ਕੰਜਕਾਂ
ਕਿੱਕਲੀ ਪਾਉਣ ਲਈ
ਜਦ ਆਉਂਦੀਆਂ
ਪਿੱਪਲ-ਰਿਸ਼ੀ ਦੀ
ਰੂਹ ਨੂੰ
ਬਹੁਤ ਭਾਉਂਦੀਆਂ।

ਪਿੰਡ ਦੇ ਬੱਚੇ
ਟੋਲੀਆਂ ਬੰਨ੍ਹ ਕੇ
ਪਿੱਪਲ ਥੱਲੇ
ਖੇਡਣ ਆਉਂਦੇ
ਪਿੱਪਲ-ਪੱਤੇ
ਜੋੜ-ਜੋੜ ਕੇ
ਰੇਲ ਬਣਾਉਂਦੇ,
ਜਿੱਦਮ-ਜਿੱਦੀ
ਪੀਂਘ-ਪਲਾਂਘੜਾ
ਖੇਡਣ ਲੱਗਦੇ।
ਪਿੱਪਲ ਕਹਿੰਦਾ
ਬੱਚੇ ਸਭ ਦੇ ਸਾਂਝੇ ਲੱਗਦੇ।



ਪਿੱਪਲ ਉੱਤੇ
ਪੰਛੀ ਚਹਿ-ਚਹਾਉਂਦੇ ਰਹਿੰਦੇ
ਕਾਂ, ਕਬੂਤਰ, ਤੋਤੇ, ਚਿੜੀਆਂ
ਮਨ ਪਰਚਾਉਂਦੇ
ਡਾਰਾਂ ਬੰਨ੍ਹ ਗੁਟਾਰਾਂ
ਘੁੱਗੀਆਂ, ਇੱਲਾਂ
ਬਗਲੇ ਬਹਿੰਦੇ
ਆਪਣਾ-ਆਪਣਾ
ਰਾਗ ਸੁਣਾਉਂਦੇ
ਗੋਲ੍ਹਾਂ ਖਾਂਦੇ।

ਕਠਫੋੜੇ ਦੀ ਚੁੰਝ ਲੰਮੇਰੀ
ਕੀੜੇ ਕੱਢ-ਕੱਢ ਖਾਂਦੀ
ਪਿੱਪਲ ਉੱਤੋਂ
ਠੱਕ-ਠੱਕ ਦੀ
ਆਵਾਜ਼ ਸੀ ਆਉਂਦੀ,
ਚੱਕੀਰਾਹਾ, ਨੀਲਕੰਠ
ਅਤੇ ਬੰਬੋਲਾ ਕਲੋਲਾਂ ਕਰਦੇ।



ਨਰਮ ਕੂਲੀਆਂ—
ਪਿੱਪਲ ਦੀਆਂ ਪਪੀਸੀਆਂ
ਠੂੰਗਣ ਲੱਗਦੇ
ਬੱਚੇ ਤੱਕ-ਤੱਕ
ਮਨ ਬਹਿਲਾਉਂਦੇ।


ਜੀਵਾਂ ਦਾ ਸੰਸਾਰ
ਪਿੱਪਲ 'ਤੇ ਆਉਂਦਾ-ਜਾਂਦਾ।
ਕਾਟੋਆਂ, ਕਿਰਲੇ
ਚੜ੍ਹਨ ਉਤਰਨ ਵਿੱਚ
ਲੱਗੇ ਰਹਿੰਦੇ।

ਪੰਛੀ ਆਪਣੇ ਆਲ੍ਹਣੇ
ਗੁੰਦ ਦੇ, ਵਾਸਾ ਕਰਦੇ
ਗਰਮੀ, ਸਰਦੀ
ਝਾਂਜਾ, ਝੱਖੜ
ਪਿੰਡੇ ਜਰਦੇ
ਸਭ ਲਈ ਪਿੱਪਲ
ਸਹਾਰਾ ਹੁੰਦਾ।




ਹਾੜੀ ਕੱਟਣ ਦੀ
ਜਦ ਰੁੱਤ ਆਉਂਦੀ
ਕਣਕ ਦੀਆਂ ਭਰੀਆਂ
ਬੰਨ੍ਹਣ ਦੇ ਲਈ
ਪਿੱਪਲ ਥੱਲੇ—
ਕਿਰਤੀ ਬੰਦੇ
ਬੇੜਾਂ, ਤੰਦੇ
ਵੱਟਣ ਲੱਗਦੇ।

ਕਦੇ ਕਦੇ ਕੋਈ
ਨਾਟ ਮੰਡਲੀ
ਇਸ ਦੇ ਥੜੇ ਨੂੰ
ਮੰਚ ਬਣਾ ਕੇ
ਲੋਕ-ਚੇਤਨਾ
ਪੈਦਾ ਕਰਨ ਲਈ,
ਮਨੋਰੰਜਨ ਕਰ ਕੇ
ਕਲਾ ਵਿਖਾਉਂਦੀ
ਮਨ ਪਰਚਾਉਂਦੀ।


ਚੋਣ
ਚਿੜੀ

ਵੋਟਾਂ ਦੇ ਦਿਨ
ਜਦ ਵੀ ਆਉਂਦੇ
ਲੋਕੀਂ ਇੱਥੇ
ਆ ਕੇ ਜੁੜਦੇ,
ਨੇਤਾ ਉੱਚੀਆਂ
ਬਾਹਵਾਂ ਕਰ ਕੇ
ਲੋਕਾਂ ਤਾਈਂ
ਭਰਮਾਉਣ ਨੂੰ ਆਉਂਦੇ
ਪਿੱਪਲ ਵਾਂਗ ਬਜ਼ੁਰਗਾਂ
ਸੁਣਦਾ ਰਹਿੰਦਾ,
ਫੋਕੇ ਨਾਅਰੇ
ਪੱਤਿਆਂ ਸੰਗ ਟਕਰਾ ਕੇ
ਚੁੱਪ ਹੋ ਜਾਂਦੇ
ਪੰਛੀ ਉੱਡ ਜਾਂਦੇ।

ਪਿੰਡ ਦੇ ਪਾਤਰ
ਪਿੱਪਲ ਥੱਲੇ ਗੱਲਾਂ ਕਰਦੇ
ਚੁੰਝ-ਚਰਚਾ ਨੂੰ
ਤਿੱਖਾ ਕਰਦੇ।


दीप

ਕਦੇ ਕਦੇ ਫਿਰ
ਹਾਲੀ, ਪਾਲੀ, ਕਿਰਤੀ
ਪਿੱਪਲ ਥੱਲੇ
ਆਪਣੀਆਂ ਗਊਆਂ, ਮੱਝਾਂ
ਬਲਦ ਬੰਨ੍ਹਦੇ,
ਘੁੰਗਰੂ, ਟੱਲੀਆਂ
ਟੁਣਕਣ ਲੱਗਦੀਆਂ
ਇਉਂ ਲੱਗਦਾ ਜਿਉਂ
ਪਿੰਡ ਦਾ ਟੱਬਰ-ਕਬੀਲਾ
ਲਾਣਾ-ਬਾਣਾ
ਇਸ ਦੇ ਸਰਨੀਂ
ਆ ਜੁੜਿਆ ਹੋਵੇ।
ਰੌਣਕ ਲਗਦੀ
ਸ਼ਗਨ ਮਨਾਏ ਜਾਂਦੇ
ਸਿਆਲ ਦੀ ਰੁੱਤੇ
ਧੂਣੀ ਧੁਖਦੀ
ਠਰਦੇ ਪਿੰਡੇ
ਨਿੱਘ ਮਾਣਦੇ।



ਪ੍ਰਕਿਰਤੀ ਦੀ ਲੀਲ੍ਹਾ
ਬੜੀ ਨਿਆਰੀ
ਪਿੱਪਲ ਤਾਂ ਇੱਕ
ਬਿਰਖ਼ ਅਜਿਹਾ
ਦਿਨ-ਰਾਤੀਂ ਜੋ
ਆਕਸੀਜਨ ਖਲੇਰੇ,
ਦਾਨੀ ਬਣ ਕੇ
ਤਾਜ਼ੀ ਪੌਣ
ਵੰਡੇ ਚੁਫੇਰੇ।

ਭਲਿਓ ਲੋਕੋ! ਕਿਉਂ ਤੁਸਾਂ ਨੇ
ਪਿੱਪਲ ਪੁੱਟ ਕੇ
ਪਾਪ ਕਮਾਇਆ,
ਪਿੰਡ ਦਾ ਗੁਆਚ
ਗਿਆ ਸਰਮਾਇਆ।

ਪਿੰਡ ਹੋਇਆ ਸੁੰਨਾ
ਗੁੰਮੀ ਵਿਰਾਸਤ।
ਆਓ, ਇਸ ਨੂੰ
ਸਾਂਭਣ ਦੀ ਕੋਈ ਵਿਉਂਤ ਬਣਾਈਏ,
ਮੁੜ ਪਿੱਪਲ ਤੇ ਬੋਹੜ ਲਗਾਈਏ!!
ਆਪਣਾ ਸਭਿਆਚਾਰ ਬਚਾਈਏ!!

## ਅੰਤਕਾ

ਪਿੱਪਲ ਦੇ ਪੱਤਿਆ ਵੇ
ਕਿਉਂ ਖੜ-ਖੜ ਲਾਈਆ,
ਪੱਤ ਝੜੇ ਪੁਰਾਣੇ ਵੇ
ਰੁੱਤ ਨਵਿਆਂ ਦੀ ਆਈਆ।

(ਲੋਕ-ਗੀਤ)

**ਲੇਖਕ ਦੀਆਂ ਬਾਲ ਸਾਹਿਤ ਰਚਨਾਵਾਂ: -**

1. ਕਿਰਲੀ ਤੇ ਤਿਤਲੀ (ਬਾਲ ਕਹਾਣੀਆਂ) ਇਨਾਮ ਜੇਤੂ
2. ਬੋਲਾਂ ਦੇ ਖੰਭ (ਬਾਲ ਕਹਾਣੀਆਂ)
3. ਤਿੰਨ ਸੁਪਨੇ (ਬਾਲ-ਕਹਾਣੀਆਂ)
4. ਪੰਛੀਆਂ ਦੇ ਗੀਤ (ਬਾਲ-ਕਵਿਤਾਵਾਂ)
5. ਫਲਾਂ ਦੀ ਟੋਕਰੀ (ਨਰਸਰੀ-ਗੀਤ)
6. ਚਾਨਣ ਦੀ ਟਹਿਣੀ (ਬਾਲ-ਗੀਤ) ਇਨਾਮ ਜੇਤੂ
7. ਧਰਤੀ ਦੇ ਰੰਗ (ਕਾਵਿ-ਰਚਨਾ)
8. ਫੁੱਲਾਂ ਵਾਲਾ ਘਰ (ਬਾਲ-ਕਵਿਤਾਵਾਂ) ਇਨਾਮ ਜੇਤੂ
9. ਮੇਰਾ ਦੀਵਾ (ਬਾਲ-ਗੀਤ) ਇਨਾਮ ਜੇਤੂ
10. ਰੁੱਖਾਂ ਦਾ ਖ਼ਜ਼ਾਨਾ (ਕਾਵਿ-ਰਚਨਾ)
11. ਅਜ਼ਾਦੀ ਦੀ ਵਾਰ (ਕਾਵਿ-ਰਚਨਾ)
12. ਪੀਂਘ ਹੁਲਾਰੇ (ਨਰਸਰੀ-ਗੀਤ)
13. ਸੋਨ ਸਵੇਰਾ (ਬਾਲ-ਕਵਿਤਾਵਾਂ)
14. ਫੁੱਲਾਂ ਦਾ ਪੰਘੂੜਾ (ਬਾਲ-ਕਵਿਤਾਵਾਂ)
15. ਗਾਥਾ ਗੜ੍ਹੀ ਚਮਕੌਰ (ਕਾਵਿ-ਰਚਨਾ)
16. ਗੀਤਾਂ ਦੇ ਘੁੰਗਰੂ (ਬਾਲ-ਕਵਿਤਾਵਾਂ)
17. ਸੁਪਨਿਆਂ ਵਾਲਾ ਬਚਪਨ (ਬਾਲ-ਕਵਿਤਾਵਾਂ)
18. ਵਿੱਦਿਆ ਦਾ ਗਹਿਣਾ (ਬਾਲ-ਕਵਿਤਾਵਾਂ)
19. ਸਬਰ ਦਾ ਫ਼ਲ ਮਿੱਠਾ (ਕਹਾਣੀ)
20. ਸਭਿਆਚਾਰਕ ਮੁਹਾਂਦਰੇ (ਲੇਖ-ਸੰਗ੍ਰਹਿ) ਇਨਾਮ ਜੇਤੂ
21. ਸ਼ੁੱਧ ਹਵਾ ਦੀ ਲੋੜ
22. ਚਾਚਾ ਨਹਿਰੂ (ਜੀਵਨੀ)
23. ਅਹਿੰਸਾ ਦਾ ਪੁਜਾਰੀ (ਜੀਵਨੀ)
24. ਬਾਲ-ਝਰੋਖਾ (ਜੀਵਨ-ਯਾਦਾਂ) ਇਨਾਮ ਜੇਤੂ
25. ਲੋਕ ਰਾਂਗਲਾ—ਪਿੱਪਲ (ਕਾਵਿ-ਰਚਨਾ)

## ਲੇਖਕ ਦੀਆਂ ਹੋਰ ਰਚਨਾਵਾਂ


### ਮੌਲਿਕ

1. ਖ਼ਾਮੋਸ਼ ਚਸ਼ਮਾ (ਕਾਵਿ-ਸੰਗ੍ਰਹਿ)
2. ਦਰਦ ਸੰਗ ਦੋਸਤੀ ( ” )
3. ਰਾਤਾਂ ਪ੍ਰਭਾਤਾਂ ( ” )
4. ਮਿੱਟੀ ਦਾ ਰੁਦਨ ( ” )
5. ਅਗੰਮ ਅਗੋਚਰ ( ” )
6. ਸ਼ਾਇਰੀ ਦਾ ਸਰਵਰ ( ” )
7. ਜ਼ਿੰਦਗੀ ਦਾ ਸੱਚ (ਜੀਵਨ ਯਾਦਾਂ)


### ਸੰਪਾਦਨਾ

1. ਜਜ਼ਬਿਆਂ ਦੀ ਸਾਂਝ
2. ਪੁਆਧ ਦਰਪਣ
3. ਤ੍ਰਿਹਾਏ ਪੱਤਣ
4. ਡੰਗੋਰੀ
5. ਧਰਤ ਕਲੇਜੇ ਪੀੜ
6. ਯਾਦਾਂ ਦਾ ਸ਼ੀਸ਼ਾ
7. ਮੇਰਾ ਪੁਆਧ
8. ਔਝੜ ਰਾਹ

ਬੱਚਿਆਂ ਨੂੰ ਸਿਹਤਮੰਦ ਕਦਰਾਂ ਕੀਮਤਾਂ ਵਾਲਾ ਬਾਲ-ਸਾਹਿਤ ਉਪਲਬਧ ਕਰਾਉਣਾ ਸਮੇਂ ਦੀ ਲੋੜ ਹੈ। ਵਿਗਿਆਨ ਦੇ ਯੁੱਗ ਨੇ ਨਵੀਆਂ-ਨਵੀਆਂ ਖੋਜਾਂ, ਕਾਢਾਂ, ਯੰਤਰਾਂ ਤੇ ਉਪਕਰਨਾਂ ਰਾਹੀਂ ਮਨੁੱਖ ਨੂੰ ਬਹੁਤ ਸੁੱਖ-ਸਹੂਲਤਾਂ ਪ੍ਰਦਾਨ ਕੀਤੀਆਂ ਹਨ। ਰੁੱਖਾਂ ਨਾਲ ਮਨੁੱਖ ਦੀ ਦੋਸਤੀ ਤੇ ਸਾਂਝ ਆਦਿ-ਕਾਲ ਤੋਂ ਗੂੜ੍ਹੀ ਰਹੀ ਹੈ। ਰੁੱਖਾਂ ਬਿਨਾਂ ਮਨੁੱਖ ਦੀ ਹੋਂਦ ਅਸੰਭਵ ਹੈ। ਰੁੱਖ ਮਨੁੱਖ ਦੇ ਜੀਵਨ ਦਾਤੇ ਹਨ ਅਤੇ ਸਾਡੇ ਸਭਿਆਚਾਰ ਦਾ ਹਿੱਸਾ ਹਨ। ਸਾਡੇ ਆਲੇ-ਦੁਆਲੇ ਵਧ ਰਹੇ ਪ੍ਰਦੂਸ਼ਣ ਨੂੰ ਸ਼ੁੱਧ ਤੇ ਸਵੱਛ ਕਰਨ ਵਿੱਚ ਰੁੱਖ ਹੀ ਸਾਡੇ ਸੱਚੇ ਮਿੱਤਰ ਹਨ। ਰੁੱਖਾਂ ਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਸ਼ੁੱਧ ਹਵਾ ਲਈ ਰੁੱਖ ਵੱਧ ਤੋਂ ਵੱਧ ਲਾਉਣ ਦੀ ਲੋੜ ਹੈ। ਧਰਤੀ ਦੀ ਹਰਿਆਲੀ ਨਾਲ ਹੀ ਮਨੁੱਖ ਦੀ ਖ਼ੁਸ਼ਹਾਲੀ ਹੈ। ਇਨ੍ਹਾਂ ਸੰਕਲਪਾਂ ਬਾਰੇ ਬੱਚਿਆਂ ਨੂੰ ਪ੍ਰੇਰਤ ਕਰਨ ਲਈ ਸ਼੍ਰੋਮਣੀ ਸਾਹਿਤਕਾਰ ਮਨਮੋਹਨ ਸਿੰਘ ਦਾਊਂ ਦੀ 'ਲੋਕ ਰਾਂਗਲਾ - ਪਿੱਪਲ' ਨਿਵੇਕਲੀ ਸਚਿੱਤਰ ਕਾਵਿ ਰਚਨਾ ਬਹੁਤ ਹੀ ਗੁਣਵਾਨ ਤੇ ਮੁੱਲਵਾਨ ਹੈ। ਇਸ ਰਚਨਾ ਰਾਹੀਂ ਪਿੰਡ ਦਾ ਵਿਰਸਾ ਤੇ ਸਮੁੱਚਾ ਸਭਿਆਚਾਰਕ ਜੀਵਨ ਸਜੀਵ ਰੂਪ ਵਿੱਚ ਪੇਸ਼ ਕੀਤਾ ਗਿਆ ਹੈ। ਪਰਿਵਰਣ ਦੀ ਸਾਂਭ ਸੰਭਾਲ ਪੱਖੋਂ ਇਹ ਰਚਨਾ ਅੱਜ ਦੇ ਸੰਦਰਭ ਵਿੱਚ ਹੋਰ ਵੀ ਉਪਯੋਗੀ ਹੈ। ਇਸ ਰਚਨਾ ਤੋਂ ਸਾਡੀ ਸੰਸਕ੍ਰਿਤੀ ਦੇ ਦਰਸ਼ਨ ਵੀ ਹੁੰਦੇ ਹਨ। ਲੇਖਕ, ਚਿੱਤਰਕਾਰ ਤੇ ਪ੍ਰਕਾਸ਼ਕ ਅਜਿਹੀ ਖ਼ੂਬਸੂਰਤ ਬਾਲ-ਪੁਸਤਕ ਲਈ ਵਧਾਈ ਦੇ ਹੱਕਦਾਰ ਹਨ।



ਮਨਮੋਹਨ ਸਿੰਘ ਦਾਊਂ



LOK RANGLA - PIPAL

Tarlochan Publishers